# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈਸ ਨੋਟ)

ਪੰਜਾਬ ਓਪਨ ਸਕੂਲ ਪ੍ਰਣਾਲੀ ਰਾਹੀਂ ਅਕਾਦਮਿਕ ਸਾਲ 2016-17 ਲਈ ਦਸਵੀਂ ਅਤੇ ਬਾਰਵੀਂ ਕਲਾਸਾਂ ਵਿੱਚ ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀਆਂ ਲਈ ਦਾਖਲਾ ਸ਼ਡਿਊਲ ਵਿੱਚ ਤਬਦੀਲੀ ਕਰਦਿਆਂ ਹੁਣ ਬਿਨਾਂ ਲੇਟ ਫੀਸ ਦਾਖਲੇ ਦੀ ਤਰੀਖ 10 ਅਗਸਤ ਤੱਕ ਵਧਾ ਦਿੱਤੀ ਗਈ ਹੈ। ਬਿਨਾਂ ਲੇਟ ਫੀਸ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ 17 ਅਗਸਤ ਤੱਕ ਬੈਂਕ ਵਿੱਚ ਫੀਸ/ਚਲਾਨ ਜਮ੍ਹਾਂ ਕਰਵਾਉਣ ਦੀ ਸਹੂਲਤ ਹੋਵੇਗੀ ਜਦੋਂ ਕਿ ਅਧਿਐਨ ਕੇਂਦਰ ਵਿੱਚ ਦਸਤਾਵੇਜ਼ ਤੇ ਰਜਿਸਟ੍ਰੇਸ਼ਨ ਸਲਿੱਪ ਜਮ੍ਹਾਂ ਕਰਵਾਉਣ ਲਈ 23 ਅਗਸਤ ਤੱਕ ਦਾ ਸਮਾਂ ਮਿਲੇਗਾ।

ਅਧਿਐਨ ਕੇਂਦਰਾਂ ਵੱਲੋਂ ਦਾਖਲਾ ਫਾਰਮ ਸਮੇਤ ਚਲਾਨ ਅਤੇ ਦਸਤਾਵੇਜ਼ ਆਪੋ-ਆਪਣੇ ਖੇਤਰੀ ਦਫ਼ਤਰਾਂ ਵਿੱਚ 31 ਅਗਸਤ ਤੱਕ ਜਮ੍ਹਾਂ ਕਰਵਾਉਣੇ ਹੋਣਗੇ।

ਵਿਦਿਆਰਥੀ 18 ਅਗਸਤ ਤੱਕ 500/- ਰੁਪਏ ਲੇਟ ਫੀਸ ਨਾਲ ਅਤੇ 25 ਅਗਸਤ ਤੱਕ 1000/- ਰੁਪਏ ਲੇਟ ਫੀਸ ਨਾਲ ਵੀ ਦਾਖਲੇ ਲੈ ਸਕਦੇ ਹੋਣਗੇ। ਲੇਟ ਫੀਸ ਨਾਲ ਦਾਖਲੇ ਦੀ ਸੂਰਤ ਵਿੱਚ ਵੀ ਅਧਿਐਨ ਕੇਂਦਰਾਂ ਨੇ ਫਾਰਮ ਖੇਤਰੀ ਦਫ਼ਤਰਾਂ ਵਿੱਚ ਹੀ ਜਮ੍ਹਾਂ ਕਰਵਾਉਣੇ ਹੋਣਗੇ।

03-08-16

ਉਪ ਡਾਇਰੈਕਟਰ (ਓਪਨ ਸਕੂਲ)